# ਸ਼੍ਰੇਣੀ - ਅੱਠਵੀਂ (ਸਮਾਜਿਕ ਸਿੱਖਿਆ) 2016- 17

| ਮਹੀਨਾ | ਪਾਠ ਦਾ ਨਾਂ | ਉਦੇਸ਼ | ਕਿਰਿਆਵਾਂ |
|---|---|---|---|
| ਅਪ੍ਰੈਲ | (ਭੂਗੋਲ)<br>ਪਾਠ-1<br>ਸਾਧਨ- ਕਿਸਮਾਂ ਅਤੇ ਸਾਂਭ-ਸੰਭਾਲ | ਵਿਦਿਆਰਥੀਆਂ ਨੂੰ ਸਾਧਨਾਂ, ਸਾਧਨਾਂ ਦੀਆਂ ਕਿਸਮਾਂ ਅਤੇ ਸਾਂਭ ਸੰਭਾਲ ਦੀ ਜਾਣਕਾਰੀ ਦਿੰਦੇ ਹੋਏ ਜਾਗ੍ਰਿਤ ਕਰਨਾ। | • ਸਾਧਨਾਂ ਨੂੰ ਆਲੇ-ਦੁਆਲੇ ਦੀਆਂ ਉਦਾਹਰਣਾਂ ਤੋਂ ਸਮਝਾਇਆ ਜਾਵੇ।<br>• ਸਾਧਨਾਂ ਦੀਆਂ ਕਿਸਮਾਂ ਦਾ ਚਾਰਟ ਬਣਾ ਕੇ ਪੜ੍ਹਾਇਆ ਜਾਵੇ।<br>• ਸਾਧਨਾਂ ਦੀ ਸਾਂਭ ਸੰਭਾਲ ਵਿੱਚ ਨੇੜੇ ਦੇ ਸਾਧਨਾਂ ਨੂੰ ਕਿਵੇਂ ਸੰਭਾਲਨਾ ਹੈ, ਸਮਝਾਇਆ ਜਾਵੇ ਅਤੇ ਐਕਟੀਵਿਟੀ ਦੇ ਤੌਰ ਤੇ ਬੱਚਿਆਂ ਦੇ ਗਰੁੱਪ ਬਣਾ ਕੇ ਚਰਚਾ ਕਰਵਾਈ ਜਾਵੇ। |
| | (ਇਤਿਹਾਸ)<br>ਪਾਠ-9<br>ਕਿੱਥੇ, ਕਦੋਂ ਅਤੇ ਕਿਵੇਂ | • ਭਾਰਤੀ ਇਤਿਹਾਸ ਦੇ ਤਿੰਨਾਂ ਕਾਲਾਂ ਬਾਰੇ ਜਾਣਕਾਰੀ ਦੇਣਾ।<br>• ਆਧੁਨਿਕ ਭਾਰਤੀ ਇਤਿਹਾਸ ਦੇ ਪ੍ਰਮੁੱਖ ਸ੍ਰੋਤਾਂ ਬਾਰੇ ਜਾਣਕਾਰੀ ਦੇਣਾ। | • ਭਾਰਤੀ ਇਤਿਹਾਸ ਦੇ ਤਿੰਨਾਂ ਕਾਲਾਂ ਦੀ ਸਮਾ ਰੇਖਾ ਕ੍ਰਿਆ ਕਾਪੀ ਤੇ ਬਣਾਓ।<br>• ਆਧੁਨਿਕ ਇਤਿਹਾਸ ਦਾ ਫਲੋ ਚਾਰਟ ਬਣਾਓ।<br>• ਆਧੁਨਿਕ ਇਤਿਹਾਸ ਦੇ ਸ੍ਰੋਤਾਂ ਦੀਆਂ ਤਸਵੀਰਾਂ ਕ੍ਰਿਆ ਕਾਪੀ ਤੇ ਚਿਪਕਾਓ। |
| | ਪਾਠ-10<br>ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸ਼ਕਤੀ ਦੀ ਸਥਾਪਨਾ | ਫਰਾਂਸ ਨੂੰ ਹਰਾ ਕੇ ਕਿਸ ਤਰ੍ਹਾਂ ਅੰਗਰੇਜ਼ਾਂ ਨੇ ਭਾਰਤ ਵਿੱਚ ਆਪਣੀ ਸ਼ਕਤੀ ਦਾ ਵਿਸਥਾਰ ਕੀਤਾ ਅਤੇ ਅੰਗਰੇਜ਼ਾਂ ਦੀਆਂ ਨੀਤੀਆਂ ਬਾਰੇ ਸਮਝ ਪੈਦਾ ਕਰਨਾ। | • ਭਾਰਤ ਦੇ ਨਕਸ਼ੇ ਦੇ ਖਾਕੇ ਵਿੱਚ ਯੂਰਪੀ ਬਸਤੀਆਂ ਅੰਕਿਤ ਕਰੋ।<br>• ਨਵਾਬ ਸਿਰਜੂਦੌਲਾ, ਟੀਪੂ ਸੁਲਤਾਨ, ਲਾਰਡ ਕਲਾਈਵ, ਲਾਰਡ ਡਲਹੌਜੀ ਦੀਆਂ ਤਸਵੀਰਾਂ ਕ੍ਰਿਆ ਕਾਪੀ ਤੇ ਲਗਾਓ। |

| | | | |
|---|---|---|---|
| ਮਈ | (ਭੂਗੋਲ)<br>ਪਾਠ-2<br>ਕੁਦਰਤੀ ਸਾਧਨ | ਵਿਦਿਆਰਥੀਆਂ ਨੂੰ ਕੁਦਰਤੀ ਸਾਧਨ; ਥਲ, ਪਾਣੀ, ਮਿੱਟੀਆਂ, ਬਨਸਪਤੀ, ਜੰਗਲੀ ਜੀਵ, ਖਣਿਜ ਪਦਾਰਥ ਤੇ ਸ਼ਕਤੀ ਦੇ ਸਾਧਨਾਂ ਬਾਰੇ ਜਾਣੂ ਕਰਵਾਉਣਾ। | • ਭੂਮੀ ਦੀ ਵਰਤੋਂ, ਮਿੱਟੀਆਂ ਦੀਆਂ ਕਿਸਮਾਂ ਅਤੇ ਜੰਗਲਾਂ ਦੀਆਂ ਕਿਸਮਾਂ ਦੇ ਚਾਰਟ ਬਣਵਾਉਣੇ।<br>• ਅਲੱਗ-ਅਲੱਗ ਰੰਗਾਂ ਦੀਆਂ ਮਿੱਟੀਆਂ ਨੂੰ ਇਕੱਠਾ ਕਰਨਾ।<br>• ਜੰਗਲੀ ਜੀਵਾਂ ਤੇ ਉਨ੍ਹਾਂ ਦੀ ਸੁਰੱਖਿਆ ਤੇ ਚਰਚਾ ਕਰਵਾਉਣਾ। |
| | (ਇਤਿਹਾਸ)<br>ਪਾਠ-11<br>ਪ੍ਰਸ਼ਾਸ਼ਨਿਕ ਬਣਤਰ, ਬਸਤੀਵਾਦੀ ਸੈਨਾ ਅਤੇ ਸਿਵਲ ਪ੍ਰਸ਼ਾਸ਼ਨ ਦਾ ਵਿਕਾਸ | ਰਾਜਨੀਤਿਕ ਸ਼ਕਤੀ ਦੇ ਵਿਕਾਸ ਤੋਂ ਬਾਅਦ ਅੰਗਰੇਜ਼ਾਂ ਨੇ ਪ੍ਰਸ਼ਾਸਨਿਕ ਅਤੇ ਵਿਧਾਨਿਕ ਢਾਂਚੇ ’ਚ ਕਿਹੜੀਆਂ-2 ਤਬਦੀਲੀਆਂ ਕੀਤੀਆਂ, ਬਾਰੇ ਸਮਝ ਪੈਦਾ ਕਰਨਾ। | • ਸੰਵਿਧਾਨਿਕ ਪਰਿਵਰਤਨਾਂ ਦਾ ਫਲੋ ਚਾਰਟ ਬਣਾਓ।<br>• ਪ੍ਰਸ਼ਾਸਨਿਕ ਸੰਗਠਨ ਸੰਬਧੀ ਫਲੋ ਚਾਰਟ ਬਣਾਓ।<br>• ਅੰਗਰੇਜ਼ਾਂ ਦੁਆਰਾ ਕੀਤੀਆਂ ਤਬਦੀਲੀਆਂ ਸਬੰਧੀ ਕਲਾਸ ’ਚ ਵਿਚਾਰ ਚਰਚਾ ਕਰਵਾਈ ਜਾਵੇ। |
| | ਪਾਠ-12<br>ਪੇਂਡੂ ਜੀਵਨ ਅਤੇ ਸਮਾਜ | ਅੰਗਰੇਜ਼ਾਂ ਦੀਆਂ ਆਰਥਿਕ ਨੀਤੀਆਂ ਨੇ ਕਿਸ ਤਰ੍ਹਾਂ ਭਾਰਤੀ ਉਦਯੋਗ ਤਬਾਹ ਕੀਤੇ, ਇਸ ਬਾਰੇ ਸਮਝ ਪੈਦਾ ਕਰਨੀ। | • ਅੰਗਰੇਜ਼ਾਂ ਦੀਆਂ ਖੇਤੀਬਾੜੀ ਸਬੰਧੀ ਨੀਤੀਆਂ ਦਾ ਫਲੋ ਚਾਰਟ ਤਿਆਰ ਕਰੋ।<br>• ਖੇਤੀ ਦਾ ਵਣਜੀਕਰਣ ਅਤੇ ਇਸ ਦੇ ਪ੍ਰਭਾਵਾਂ ਦਾ ਚਾਰਟ ਤਿਆਰ ਕਰੋ<br>• ਨੀਲ ਵਿਦਰੋਹ ਦਾ ਚਾਰਟ ਤਿਆਰ ਕਰੋ ਅਤੇ ਤਸਵੀਰਾਂ ਕ੍ਰਿਆ-ਕਾਪੀ ਤੇ ਚਿਪਕਾਓ। |
| | (ਨਾਗਰਿਕ ਸ਼ਾਸਤਰ)<br>ਪਾਠ-24<br>ਸੰਵਿਧਾਨ ਅਤੇ ਕਾਨੂੰਨ | ਸੰਵਿਧਾਨ ਬਣਾਉਣ ਵਾਲੀ ਕਮੇਟੀ ਅਤੇ ਸੰਵਿਧਾਨ ਦੀ ਭੂਮਿਕਾ ਬਾਰੇ ਜਾਣਕਾਰੀ ਦੇਣਾ। | • ਮਸੌਦਾ ਕਮੇਟੀ ਦੇ ਮੈਂਬਰਾਂ ਦੇ ਨਾਵਾਂ ਅਤੇ ਸੰਸਦ ਦਾ ਚਾਰਟ ਤਿਆਰ ਕੀਤਾ ਜਾਵੇ। |
| ਜੁਲਾਈ | (ਭੂਗੋਲ) | ਵਿਦਿਆਰਥੀਆਂ ਨੂੰ ਖਣਿਜ, ਖਣਿਜਾਂ | • ਮਹੱਤਵਪੂਰਨ ਖਣਿਜ ਪਦਾਰਥਾਂ |

| | | | |
|---|---|---|---|
| | ਪਾਠ-3<br>ਖਣਿਜ ਅਤੇ ਸ਼ਕਤੀ ਦੇ ਸਾਧਨ | ਦੀਆਂ ਕਿਸਮਾਂ, ਸੰਸਾਰ ਵਿੱਚ ਮਹੱਤਵਪੂਰਣ ਦੇਸ਼ ਤੇ ਭਾਰਤ ਵਿੱਚ ਖਣਿਜਾਂ ਅਤੇ ਸ਼ਕਤੀ ਦੇ ਸਾਧਨਾਂ ਦੀ ਵੰਡ ਨੂੰ ਸਮਝਾਉਣਾ। | ਦੇ ਦੋ-ਦੋ ਮਹੱਤਵਪੂਰਨ ਸਥਾਨ, ਸੰਸਾਰ ਤੇ ਭਾਰਤ ਦੇ ਨਕਸ਼ੇ ਤੇ ਭਰਵਾ ਕੇ ਪ੍ਰੈਕਟਿਸ ਕਰਾਉਣਾ।<br>• ਭਾਰਤ ਦੀਆਂ ਮਹੱਤਵਪੂਰਨ ਪਣਬਿਜਲੀ ਯੋਜਨਾਵਾਂ ਤੇ ਸਕਰੈਪ ਫਾਇਲ ਬਣਾਉਣਾ।<br>• ਆਮ ਜ਼ਿੰਦਗੀ ਜਾਂ ਆਪਣੇ ਆਲੇ-ਦੁਆਲੇ ਮਿਲਦੀਆਂ ਧਾਤਾਂ ਨੂੰ ਪਹਿਚਾਨਣਾ। |
| | (ਇਤਿਹਾਸ)<br>ਪਾਠ-13<br>ਬਸਤੀਵਾਦ ਅਤੇ ਕਬਾਇਲੀ ਸਮਾਜ | ਅੰਗਰੇਜ਼ਾਂ ਦੀਆਂ ਨੀਤੀਆਂ ਦਾ ਕਬਾਇਲੀ ਸਮਾਜ ਤੇ ਪ੍ਰਭਾਵ ਬਾਰੇ ਸਮਝ ਪੈਦਾ ਕਰਨਾ। | • ਭਾਰਤ ਦੇ ਨਕਸ਼ੇ ਦੇ ਖਾਕੇ ਵਿੱਚ ਕਬਾਇਲੀ ਸਮਾਜ ਦੇ ਵਿਦਰੋਹ ਦੇ ਸਥਾਨ ਭਾਰਤ ਦੇ ਨਕਸ਼ੇ ਦੇ ਖਾਕੇ ’ਚ ਅੰਕਿਤ ਕਰੋ ਅਤੇ ਕ੍ਰਿਆ-ਕਾਪੀ ਵਿਚ ਚਿਪਕਾਓ। |
| | ਪਾਠ-14<br>ਦਸਤਕਾਰੀ ਅਤੇ ਉਦਯੋਗ | ਲਘੂ ਉਦਯੋਗਾਂ ਦੇ ਪਤਨ ਅਤੇ ਆਧੁਨਿਕ ਉਦਯੋਗਾਂ ਨੇ ਕਿਸ ਤਰ੍ਹਾ ਉੱਨਤੀ ਕੀਤੀ, ਬਾਰੇ ਸਮਝ ਦੇਣਾ। | • ਲਘੂ ਉਦਯੋਗਾਂ ਦੇ ਪਤਨ ਸਬੰਧੀ ਚਾਰਟ ਤਿਆਰ ਕਰੋ।<br>• ਆਧੁਨਿਕ ਉਦਯੋਗਾਂ ਦਾ ਫਲੋ ਚਾਰਟ ਕ੍ਰਿਆ ਕਾਪੀ ਤੇ ਬਣਾਓ।<br>• ਵੱਖ-ਵੱਖ ਉਦਯੋਗਾਂ ਦੀਆਂ ਤਸਵੀਰਾਂ ਦਾ ਕੋਲਾਜ ਬਣਾਓ। |
| | (ਨਾਗਰਿਕ ਸ਼ਾਸਤਰ)<br>ਪਾਠ-25<br>ਧਰਤ ਨਿਰਪੱਖਤਾ ਦੀ ਮਹੱਤਤਾ ਅਤੇ ਆਦਰਸ਼ ਲਈ ਕਾਨੂੰਨ | ਧਰਮ ਨਿਰਪੱਖਤਾ ਸ਼ਬਦ ਦੀ ਵਿਸਥਾਰ ਪੂਰਵਕ ਜਾਣਕਾਰੀ ਦੇਣਾ ਅਤੇ ਸੰਵਿਧਾਨ ਦੇ ਆਦਰਸ਼ਾ ਬਾਰੇ ਦੱਸਣਾ। | • ਭਾਰਤੀ ਸੰਵਿਧਾਨ ਦੇ ਆਦਰਸ਼ ਉਦਾਹਰਣਾਂ ਦੇ ਕੇ ਵਿਚਾਰ-ਚਰਚਾ ਕੀਤੇ ਜਾਣ। ਮੁਖ ਆਦਰਸ਼ਾਂ ਦਾ ਚਾਰਟ ਤਿਆਰ ਕਰਾਉਣਾ। |
| ਅਗਸ ਤ | (ਭੂਗੋਲ)<br>ਪਾਠ-4<br>ਸਾਡੀ ਖੇਤੀਬਾੜੀ | ਖੇਤੀ, ਖੇਤੀ ਦੀਆਂ ਕਿਸਮਾਂ, ਮਹੱਤਵਪੂਰਨ ਫ਼ਸਲਾਂ ਦੀਆਂ ਲੋੜੀਦੀਆਂ ਭੂਗੋਲਿਕ ਹਾਲਤਾਂ ਅਤੇ | • ਖੇਤੀ ਦਆਂ ਕਿਸਮਾਂ ਦੇ ਵੱਖ-ਵੱਖ ਚਿੱਤਰ ਇਕੱਠੇ ਕਰਾਕੇ ਕਾਪੀਆ ਵਿੱਚ |

| | | | |
|---|---|---|---|
| | | ਸੰਸਾਰ ਤੇ ਭਾਰਤ ਵਿੱਚ ਉਤਪਾਦਨ ਤੇ ਵੰਡ ਨੂੰ ਵਿਦਿਆਰਥੀਆਂ ਨੂੰ ਸਮਝਾਉਣਾ। | ਲਗਵਾਉਣੇ ਜਾਂ ਸਕਰੈਪ ਬੁੱਕ ਤਿਆਰ ਕਰਨਾ। ਆਪਣੇ ਪਿੰਡ ਜਾਂ ਸ਼ਹਿਰ ਦੀਆਂ ਲਾਗਲੀਆਂ ਹੋਣ ਵਾਲੀਆਂ ਫ਼ਸਲਾਂ ਤੇ ਰਿਪੋਰਟ ਲਿਖਣ ਬਾਰੇ ਸਮਝਾ ਕੇ ਲਿਖਣ ਨੂੰ ਦੇਣਾ।<br>• ਮਹੱਤਵਪੂਰਨ ਫ਼ਸਲਾਂ ਦੇ ਦੋ-ਦੋ ਉਤਪਾਦਨ ਰਾਜ (ਦੇਸ਼ ਵਿੱਚ) ਅਤੇ ਸੰਸਾਰ ਵਿੱਚ ਦੇਸ਼ ਨਕਸ਼ੇ ਤੇ ਭਰਵਾਉਣਾ। |
| | (ਇਤਿਹਾਸ)<br>ਪਾਠ-15<br>1857 ਈ: ਦਾ ਵਿਦਰੋਹ | 1857 ਈ: ਦਾ ਵਿਦਰੋਹ ਯੁੱਗ ਪਲਟਾਉ ਘਟਨਾ ਸੀ, ਇਸ ਵਿਦਰੋਹ ਨੇ ਕਿਸ ਤਰ੍ਹਾਂ ਆਜ਼ਾਦੀ ਦੇ ਸੰਘਰਸ਼ ਨੂੰ ਉਤਸਾਹਿਤ ਕੀਤਾ, ਬਾਰੇ ਸਮਝ ਪੈਦਾ ਕਰਨਾ। | • ਵਿਦਰੋਹ ਦੇ ਕਾਰਨਾਂ ਦਾ ਚਰਟ ਬਣਾਓ।<br>• ਭਾਰਤ ਦੇ ਨਕਸ਼ੇ ਦੇ ਖਾਕੇ ਵਿੱਚ ਵਿਦਰੋਹ ਦੇ ਸਥਾਨ ਅੰਕਿਤ ਕਰੋ।<br>• ਮੰਗਲ ਪਾਂਡੇ, ਬਹਾਦੁਰ ਸ਼ਾਹ ਜ਼ਫਰ, ਨਾਨਾ ਸਾਹਿਬ, ਤਾਂਤਿਆ ਟੋਪੇ, ਰਾਣੀ ਝਾਂਸੀ ਦੀਆਂ ਤਸਵੀਰਾਂ ਚਿਪਕਾਓ।<br>• ਝਾਂਸੀ ਦੀ ਰਾਣੀ ਨਾਲ ਸਬੰਧਤ ਕਵਿਤਾ ਗਾ ਕੇ ਸੁਣਾਓ। |
| | (ਇਤਿਹਾਸ)<br>ਪਾਠ-16<br>ਸਿੱਖਿਆ ਅਤੇ ਅੰਗਰੇਜ਼ੀ ਰਾਜ | ਅੰਗਰੇਜ਼ਾਂ ਨੇ ਕਿਸ ਤਰ੍ਹਾ ਨਵੀਂ ਸਿੱਖਿਆ ਪ੍ਰਣਾਲੀ ਲਾਗੂ ਕੀਤੀ, ਬਾਰੇ ਸਮਝ ਪੈਦਾ ਕਰਨਾ। | • ਸਿੱਖਿਆ ਸੁਧਾਰਕਾਂ ਦੀਆਂ ਤਸਵੀਰਾਂ ਦੇ ਨਾਲ ਚਾਰਟ ਤਿਆਰ ਕਰੋ।<br>• ਅਲੀਗੜ੍ਹ ਯੂਨੀਵਰਸਿਟੀ ਦੀਆਂ ਤਸਵੀਰਾਂ ਦਾ ਕੋਲਾਜ ਬਣਾਓ। |
| | (ਨਾਗਰਿਕ ਸ਼ਾਸਤਰ)<br>ਪਾਠ-26<br>ਮੁੱਢਲੇ ਅਧਿਕਾਰਾਂ ਅਤੇ | ਵਿਦਿਆਰਥੀਆਂ ਵਿੱਚ ਇਹ ਸਮਝ ਪੈਦਾ ਕਰਨਾ ਕਿ ਜਦੋਂ ਸਾਨੂੰ ਕੋਈ ਅਧਿਕਾਰ ਮਿਲਦਾ ਹੈ, ਉਸ ਦੇ ਨਾਲ | • ਮੁੱਢਲੇ ਕਰਤੱਵਾਂ ਅਤੇ ਮੁੱਢਲੇ ਅਧਿਕਾਰਾਂ ਦੀ ਲਿਸਟ ਚਾਰਟ ਤੇ ਤਿਆਰ ਕਰਨਾ। |

| | | | |
|---|---|---|---|
| | ਮਨੁੱਖੀ ਅਧਿਕਾਰਾਂ ਵਜੋਂ ਮੁੱਢਲੇ ਕਰਤੱਵ | ਫਰਜ਼ ਵੀ ਹਨ। | |
| ਸਤੰਬਰ | | ਦੁਹਰਾਈ ਅਤੇ ਐਸ.ਏ.-1 | • |
| ਅਕਤੂ ਬਰ | ਭੂਗੋਲ:<br>ਅਧਿਆਇ-5<br>ਉਦਯੋਗਿਕ ਵਿਕਾਸ | ਉਦਯੋਗਾਂ ਦੇ ਨਿਰਮਾਣ ਕਰਨ ਦੀਆਂ ਕਿਸਮਾਂ ਬਾਰੇ ਸਮਝਾਉਣਾ। | 1.ਉਦਯੋਗਾਂ ਦੇ ਵਰਗੀਕਰਣ ਦਾ ਚਾਰਟ ਤਿਆਰ ਕਰਨਾ।<br>2.ਉਦਯੋਗਾਂ ਬਾਰੇ ਨਕਸ਼ੇ ਭਰਵਾ ਕੇ ਜਾਣਕਾਰੀ ਦੇਣਾ। |
| | ਇਤਿਹਾਸ :<br>ਅਧਿਆਇ-17<br>ਇਸਤਰੀਆਂ ਅਤੇ ਸੁਧਾਰ। | 19ਵੀਂ ਸਦੀ ਦੇ ਸ਼ੁਰੂ ਦੇ ਸਮਾਜ ਵਿੱਚ ਔਰਤ ਦੀ ਸਥਿਤੀ ਅਤੇ ਸੁਧਾਰ ਬਾਰੇ ਸਮਝ ਪੈਦਾ ਕਰਨਾ। | ਅੱਜ ਦੇ ਸਮਾਜ ਵਿੱਚ ਅਤੇ 19 ਵੀਂ ਸਦੀ ਦੇ ਸਮਾਜ ਵਿੱਚ ਔਰਤ ਦੀ ਸਥਿਤੀ ਤੇ ਵਿੱਚਾਰ-ਵਟਾਂਦਰਾ। |
| | ਅਧਿਆਇ-18<br>ਜਾਤੀ ਪ੍ਰਥਾ ਨੂੰ ਚੁਣੌਤੀ | ਆਧੁਨਿਕ ਇਤਿਹਾਸਕ ਕਾਲ ਵਿੱਚ ਜਾਤੀ ਪ੍ਰਥਾ ਸਬੰਧੀ ਸਮਝ ਪੈਦਾ ਕਰਨਾ। | 1. ਜਾਤੀ ਪ੍ਰਥਾ ਨਾਲ ਸਬੰਧਤ ਚਾਰਟ ਤਿਆਰ ਕੀਤਾ ਜਾਵੇ।<br>2. ਵੱਖ-ਵੱਖ ਸੁਧਾਰਕਾਂ ਦਾ ਤਸਵੀਰਾਂ ਅਤੇ ਵਿਚਾਰਾਂ ਸਬੰਧੀ ਚਾਰਟ ਤਿਆਰ ਕੀਤਾ ਜਾਵੇ।<br>3. ਅੱਜ ਦੇ ਸਮਾਜ ਤੇ ਆਧੁਨਿਕ ਇਤਿਹਾਸਕ ਕਾਲ ਵਿੱਚ ਜਾਤੀ ਪ੍ਰਥਾਸਬੰਧੀ ਅਭਿਆਸ ਕਾਪੀ ਤੇ ਤੁਲਨਾਤਮਕ ਚਾਰਟ ਤਿਆਰ ਕਰਵਾਇਆ ਜਾਵੇ। |
| ਨਵੰਬਰ | ਭੂਗੋਲ :<br>ਅਧਿਆਇ-6<br>ਮੁੱਖ ਉਦਯੋਗ | ਵੱਡੇ ਉਦਯੋਗਾਂ ਜਾਂ ਪਹਿਲੇ ਦਰਜੇ ਦੇ ਉਦਯੋਗਾਂ ਬਾਰੇ ਦੱਸਣਾ। | ਭਾਰਤ ਦੇ ਅਤੇ ਸੰਸਾਰ ਦੇ ਨਕਸ਼ੇ ਤੇ ਉਦਯੋਗਾਂ ਦੇ ਸਥਾਨ ਵਿਖਾਉਣੇ।<br>ਨਕਸ਼ੇ ਅਭਿਆਸ ਕਾਪੀ ਤੇ ਚਿਪਕਾਉਣਾ। |
| | ਇਤਿਹਾਸ:<br>ਅਧਿਆਇ-19 | 18ਵੀਂ ਸਦੀ ਵਿੱਚ ਸ਼ਹਿਰਾਂ ਦੇ ਉਥਾਨ ਦੇ ਵਿਕਾਸ ਬਾਰੇ ਜਾਣੂ ਕਰਾਉਣਾ। | ਭਾਰਤ ਦੇ ਚਾਰ ਮਹਾਂਨਗਰਾਂ ਦਿੱਲੀ, ਮਦਰਾਸ, ਕੋਲਕੱਤਾ ਅਤੇ ਮੁੰਬਈ |

| | | | |
|---|---|---|---|
| | ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ | | ਦੀਆਂ 17ਵੀਂ ਅਤੇ 18ਵੀਂ ਸਦੀ ਵੇਲੇ ਦੀਆਂ ਤਸਵੀਰਾਂ ਇੱਕਠੀਆਂ ਕਰਨਾ, ਚਾਰਟ ਤੇ ਲਗਾਉਣਾ। |
| | ਅਧਿਆਇ-20 ਕਲਾਵਾਂ, ਚਿੱਤਰਕਾਰੀ, ਸਾਹਿਤ ਭਵਨ ਨਿਰਮਾਣ ਕਲਾ ਆਦਿ ਵਿੱਚ ਪਰਿਵਰਤਨ | 19ਵੀਂ ਸਦੀ ਵਿੱਚ ਕਲਾਵਾਂ ਦੇ ਖੇਤਰ ਵਿੱਚ ਵਿਕਾਸ ਬਾਰੇ ਸਮਝਾਉਣਾ। | 1. 19ਵੀਂ ਸਦੀ ਦੇ ਪ੍ਰਸਿੱਧ ਸਾਹਿਤਕਾਰਾਂ ਦੀ ਸੂਚੀ ਤਿਆਰ ਕਰਨਾ। |
| | ਨਾਗਰਿਕ ਸ਼ਾਸਤਰ: ਅਧਿਆਇ-27 ਸੰਸਦ-ਬਣਤਰ, ਭੂਮਿਕਾ ਅਤੇ ਵਿਸ਼ੇਸ਼ਤਾਵਾਂ | ਵਿਦਿਆਰਥੀਆਂ ਵਿੱਚ ਇਹ ਸਮਝ ਪੈਦਾ ਕਰਨਾ ਕਿ ਸਾਡੇ ਦਸ਼ ਦੀ ਸਰਕਾਰ ਦਾ ਸੰਚਾਲਨ ਕਿਵੇਂ ਹੁੰਦਾ ਹੈ। | 1. ਭਾਰਤੀ ਸੰਸਦ ਦਾ ਮਾਡਲ ਤਿਆਰ ਕਰਨਾ।<br>2. ਦੂਰਦਰਸ਼ਨ ਦਾ ਲੋਕ ਸਭਾ ਚੈਨਲ ਦੇਖਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ। |
| ਉਪਰੋਕਤ ਪਾਠਾਂ ਦੀ ਦੁਹਰਾਈ ਅਤੇ F.A. 3 ਮੁਲਾਂਕਣ<br>ਪਾਠਾਂ ਦੀਆਂ ਅਭਿਆਸ ਕ੍ਰਿਆਵਾਂ ਵਿੱਚ (ਕੁਝ ਕਰਨ ਲਈ) ਕ੍ਰਿਆਵਾਂ ਵੀ ਹੱਲ ਕੀਤੀਆਂ ਜਾਣ। | | | |
| ਦਸੰਬਰ | ਭੂਗੋਲ: ਅਧਿਆਇ-7 ਮਨੁੱਖੀ ਸਾਧਨ | ਦੇਸ਼ ਦੀ ਅਰਥ ਵਿਵਸਥਾ ਵਿੱਚ ਮਨੁੱਖੀ ਸਾਧਨ ਦੇ ਰੋਲ ਬਾਰੇ ਦੱਸਣਾ। | ਭਾਰਤ ਅਤੇ ਸੰਸਾਰ ਦੀ ਵਸੋ ਵੰਡ, ਘਣਤਾ ਅਤੇ ਬਣਤਰ ਤੇ ਚਾਰਟ ਤਿਆਰ ਕਰਨਾ ਅਤੇ ਭਾਰਤ ਵਿੱਚ ਵਸੋਂ ਘਣਤਾ ਵੰਡ ਬਾਰੇ ਨਕਸ਼ਾ ਭਰਨਾ। |
| | ਇਤਿਹਾਸ: ਅਧਿਆਇ-21 ਰਾਸ਼ਟਰੀ ਅੰਦੋਲਨ | ਰਾਸ਼ਟਰੀ ਅੰਦੋਲਨਾਂ ਦੀ ਪ੍ਰਕਿਰਿਆ ਦੇ ਮੁੱਖ ਘਟਨਾਵਾਂ ਅਤੇ ਕਾਰਨਾਂ ਦਾ ਰਾਸ਼ਟਰੀ ਚੇਤਨਤਾ ਦੇ ਵਧੇ ਪ੍ਰਭਾਵ ਬਾਰੇ ਸਮਝਾਉਣਾ। | ਰੋਲ ਪਲੇਅ ਰਾਹੀਂ ਕਿਸੇ ਇੱਕ ਘਟਨਾ ਬਾਰੇ ਦੱਸਣਾ। |
| | ਨਾਗਰਿਕ ਸ਼ਾਸਤਰ: | ਸਾਡੇ ਦੇਸ਼ ਦੀ ਨਿਆਂਪਾਲਿਕਾ ਦੀ | ਉਪਰਲੀ ਅਦਾਲਤ ਤੋਂ ਹੇਠਲੀ |

| | | | |
|---|---|---|---|
| | ਅਧਿਆਇ-28<br>ਨਿਆਂ ਪਾਲਿਕਾ ਦੀ ਕਾਰਜ ਵਿਧੀ ਅਤੇ ਵਿਸ਼ੇਸ਼ ਅਧਿਕਾਰ | ਵਿਵਸਥਾ ਬਾਰੇ ਜਾਣਕਾਰੀ ਦੇਣਾ। | ਅਦਾਲਤ ਢਾਂਚੇ ਤੇ ਚਾਰਟ ਤਿਆਰ ਕਰਨਾ। |
| ਜਨਵਰੀ | ਅਧਿਆਇ-8<br>ਆਫਤ ਪ੍ਰਬੰਧਨ | ਕੁਦਰਤੀ ਆਫਤਾਂ ਦੇ ਬਾਰੇ ਅਤੇ ਉਨ੍ਹਾਂ ਤੋਂ ਬਚਣ ਬਾਰੇ ਸਮਝ ਦਾ ਵਿਕਾਸ ਕਰਨਾ। | ਪਿਛਲੇ 2 ਸਾਲਾਂ ਦੌਰਾਨ ਭਾਰਤ ਆਈਆਂ ਕੁਦਰਤੀ ਆਫਤਾਂ ਬਾਰੇ ਸੂਚੀ ਤਿਆਰ ਕਰਨਾ। |
| | ਇਤਿਹਾਸ:<br>ਅਧਿਆਇ-22<br>ਭਾਰਤੀ ਸੁਤੰਤਰਤਾ ਲਈ ਸੰਘਰਸ਼ | 1. ਅਜ਼ਾਦੀ ਪ੍ਰਾਪਤ ਕਰਨ ਲਈ ਦੇਸ਼ ਨੂੰ ਜਿਹੜੇ ਵੱਖ-ਵੱਖ ਪੜਾਵਾਂ ਵਿੱਚੋਂ ਗੁਜਰਨਾ ਪਿਆ, ਬਾਰੇ ਸਮਝ ਪੈਦਾ ਕਰਨਾ। | 1. ਭਾਰਤ ਨੂੰ ਅਜ਼ਾਦੀ ਦਿਵਾਉਣ ਵਾਲੇ ਸ਼ਹੀਦਾਂ ਅਤੇ ਨੇਤਾਵਾਂ ਦਾ ਚਾਰਟ ਤਿਆਰ ਕਰਨਾ।<br>2. ਭਾਰਤ ਦੇ ਖਾਕੇ ਅੰਦਰ ਰਾਸ਼ਟਰੀ ਅੰਦੋਲਨਾਂ ਦੇ ਸਥਾਨ ਦਿਖਾਉਣੇ। |
| | ਨਾਗਰਿਕ ਸ਼ਾਸਤਰ:<br>ਅਧਿਆਇ-29<br>ਸਮਾਜਿਕ ਅਸਮਾਨਤਾਵਾਂ ਅਤੇ ਸਮਾਜਿਕ ਨਿਆਂ ਦੇ ਪ੍ਰਭਾਵ। | ਸਮਾਜ ਵਿੱਚ ਪਾਈਆਂ ਜਾਣ ਵਾਲੀਆਂ ਵੱਖ-ਵੱਖ ਅਸਮਾਨਤਾਵਾਂ ਬਾਰੇ ਜਾਣਕਾਰੀ ਦੇਣਾ। | ਕੋਈ ਦੋ ਅਸਮਾਨਤਾਵਾਂ ਨੂੰ ਦੂਰ ਕਰਨ ਦੇ ਉਪਾਅ ਸਬੰਧੀ ਚਾਰਟ ਤੇ ਲਿਖਿਆ ਜਾਵੇ। |
| ਉਪਰੋਕਤ ਪਾਠਾਂ ਦੀ ਦੁਹਰਾਈ ਅਤੇ F. A-4 ਮੁਲਾਂਕਣ।<br>ਅਭਿਆਸ ਕ੍ਰਿਆਵਾਂ (ਕੁਝ ਕਰਨ ਲਈ) ਵੀ ਹੱਲ ਕੀਤੀਆਂ ਜਾਣ। | | | |
| ਫਰਵਰੀ | ਇਤਿਹਾਸ:<br>ਅਧਿਆਇ-23<br>ਸੁਤੰਤਰਤਾ ਤੋਂ ਬਾਅਦ ਭਾਰਤ | (ਅਜ਼ਾਦੀ ਤੋਂ ਬਾਅਦ ਪਿਛਲੇ 50 ਸਾਲਾਂ ਤੋਂ) ਭਾਰਤੀ ਲੋਕਤੰਤਰੀ ਸਰਕਾਰ ਅਤੇ ਦੂਜੇ ਦੇਸ਼ਾਂ ਨਾਲ ਸਬੰਧਾਂ ਬਾਰੇ ਜਾਣਕਾਰੀ ਦੇਣਾ। | ਸੰਵਿਧਾਨ ਕਮੇਟੀ ਦੇ ਮੈਂਬਰਾਂ ਦੀ ਤਸਵੀਰਾਂ ਅਤੇ ਭਾਰਤੀ ਵਿਦੇਸ਼ ਨੀਤੀ ਦੀ ਵਿਸ਼ੇਸ਼ਤਾਵਾਂ ਦਾ ਚਾਰਟ ਤਿਆਰ ਕਰਨਾ। |
| | ਨਾਗਰਿਕ ਸ਼ਾਸਤਰ:<br>ਅਧਿਆਇ-30 | ਸਰਕਾਰ ਦੇ ਯਤਨਾਂ ਅਤੇ ਲੋਕਾਂ ਦੀਆਂ ਲੋੜਾਂ ਦਾ ਆਪਸੀ ਸਬੰਧ ਬਾਰੇ | ਅਜ਼ਾਦੀ ਤੋਂ ਪਹਿਲਾਂ ਦਾ ਸਮਾਜ ਅਤੇ ਸਮਕਾਲੀ ਭਾਰਤੀ ਸਮਾਜ ਤੇ ਮਾਡਲ |

<table>
<tr><td></td><td>ਸਮਾਜਿਕ ਖੇਤਰ ਵਿੱਚ ਸਰਕਾਰ ਦੇ ਯਤਨ ਅਤੇ ਇਹਨਾਂ ਦੇ ਪ੍ਰਭਾਵ।</td><td>ਜਾਣਕਾਰੀ ਦੇਣਾ।</td><td>ਤਿਆਰ ਕਰਨਾ।</td></tr>
<tr><td colspan="4">ਉਪਰੋਕਤ ਪਾਠਾਂ ਦੀ ਦੁਹਰਾਈ ਅਤੇ S.A-2 ਮੁਲਾਂਕਣ।</td></tr>
</table>